ਮਿੱਠੇ ਬੱਚੇ:- ਅਵਿਨਾਸ਼ੀ ਗਿਆਨ ਰਤਨਾਂ ਦਾ ਦਾਨ ਹੀ ਮਹਾਦਾਨ ਹੈ , ਇਸ ਦਾਨ ਤੋਂ ਹੀ ਰਜਾਈ ਪ੍ਰਾਪਤ ਹੁੰਦੀ ਹੈ ਇਸਲਈ ਮਹਾਦਾਨੀ ਬਣੋ "

ਪ੍ਰਸ਼ਨ:- ਜਿਨ੍ਹਾਂ ਬੱਚਿਆਂ ਨੂੰ ਸਰਵਿਸ ਦਾ ਸ਼ੌਂਕ ਹੋਵੇਗਾ ਉਨ੍ਹਾਂ ਦੀ ਮੁਖ ਨਿਸ਼ਾਨੀਆਂ ਕੀ ਹੋਣਗੀਆਂ?

ਉੱਤਰ:- 1. ਉਨ੍ਹਾਂ ਨੂੰ ਪੁਰਾਣੀ ਦੁਨੀਆਂ ਦਾ ਵਾਤਾਵਰਨ ਬਿਲਕੁਲ ਚੰਗਾ ਨਹੀਂ ਲੱਗੇਗਾ, 2. ਉਨ੍ਹਾਂਨੂੰ ਬਹੁਤਿਆਂ ਦੀ ਸੇਵਾ ਕਰ ਆਪ ਸਮਾਨ ਬਣਾਉਣ ਵਿੱਚ ਹੀ ਖੁਸ਼ੀ ਹੋਵੇਗੀ, 3. ਉਨ੍ਹਾਂ ਨੂੰ ਪੜ੍ਹਨ ਅਤੇ ਪੜ੍ਹਾਉਣ ਵਿੱਚ ਹੀ ਅਰਾਮ ਆਏਗਾ, 4. ਸਮਝਾਉਂਦੇ - ਸਮਝਾਉਂਦੇ ਗਲਾ ਵੀ ਖਰਾਬ ਹੋ ਜਾਏ ਤਾਂ ਵੀ ਖੁਸ਼ੀ ਵਿੱਚ ਰਹਿਣਗੇ, 5. ਉਨ੍ਹਾਂ ਨੂੰ ਕਿਸੇ ਦੀ ਮਿਲਕੀਯਤ ਨਹੀਂ ਚਾਹੀਦੀ। ਉਹ ਕਿਸੇ ਦੀ ਪ੍ਰਾਪਰਟੀ ਦੇ ਪਿਛੇ ਆਪਣਾ ਸਮੇਂ ਨਹੀਂ ਗਵਾਉਣਗੇ। 6. ਉਨ੍ਹਾਂ ਦੀ ਰਗਾਂ ਸਾਰਿਆਂ ਵਲੋਂ ਟੁੱਟੀ ਹੋਈ ਹੋਵੇਗੀ 7. ਉਹ ਬਾਪ ਸਮਾਨ ਉਦਾਰਚਿਤ ਹੋਣਗੇ। ਉਨ੍ਹਾਂਨੂੰ ਸੇਵਾ ਦੇ ਸਿਵਾਏ ਹੋਰ ਕੁਝ ਵੀ ਮਿੱਠਾ ਨਹੀਂ ਲੱਗੇਗਾ।

ਗੀਤ:- ਓਮ ਨਮੋ ਸਿਵਾਏ...

ਓਮ ਸ਼ਾਂਤੀ। ਰੂਹਾਨੀ ਬਾਪ ਜਿਸ ਦੀ ਮਹਿਮਾ ਸੁਣੀ ਉਹ ਬੈਠ ਬੱਚਿਆਂ ਨੂੰ ਪਾਠ ਪੜ੍ਹਾਉਂਦੇ ਹਨ, ਇਹ ਪਾਠਸ਼ਾਲਾ ਹੈ ਨਾ। ਤੁਸੀਂ ਸਭ ਇੱਥੇ ਪਾਠ ਪੜ੍ਹ ਰਹੇ ਹੋ ਟੀਚਰ ਤੋਂ। ਇਹ ਹੈ ਸੁਪਰੀਮ ਟੀਚਰ, ਜਿਸ ਨੂੰ ਪਰਮਪਿਤਾ ਵੀ ਕਿਹਾ ਜਾਂਦਾ ਹੈ। ਪਰਮਪਿਤਾ ਰੂਹਾਨੀ ਬਾਪ ਨੂੰ ਹੀ ਕਿਹਾ ਜਾਂਦਾ ਹੈ। ਲੌਕਿਕ ਬਾਪ ਨੂੰ ਕਦੀ ਪਰਮਪਿਤਾ ਨਹੀਂ ਕਹਾਂਗੇ। ਤੁਸੀਂ ਕਹੋਗੇ ਹੁਣ ਅਸੀਂ ਪਾਰਲੌਕਿਕ ਬਾਪ ਦੇ ਕੋਲ ਬੈਠੇ ਹਾਂ। ਕਈ ਬੈਠੇ ਹਨ, ਕਈ ਮਹਿਮਾਨ ਬਣ ਆਉਂਦੇ ਹਨ। ਤੁਸੀਂ ਸਮਝਦੇ ਹੋ ਅਸੀਂ ਬੇਹੱਦ ਦੇ ਬਾਪ ਕੋਲ ਬੈਠੇ ਹਾਂ, ਵਰਸਾ ਲੈਣ ਦੇ ਲਈ। ਤਾਂ ਅੰਦਰ ਵਿੱਚ ਕਿੰਨੀ ਖੁਸ਼ੀ ਹੋਣੀ ਚਾਹੀਦੀ ਹੈ। ਮਨੁੱਖ ਤਾਂ ਵਿੱਚਾਰੇ ਚਿੱਲਾਉਂਦੇ ਰਹਿੰਦੇ ਹਨ। ਇਸ ਸਮੇਂ ਦੁਨੀਆਂ ਵਿੱਚ ਸਾਰੇ ਕਹਿੰਦੇ ਹਨ ਦੁਨੀਆਂ ਵਿੱਚ ਸ਼ਾਂਤੀ ਹੋਵੇ। ਇਹ ਤਾਂ ਵਿਚਾਰਿਆਂ ਨੂੰ ਪਤਾ ਨਹੀਂ, ਸ਼ਾਂਤੀ ਕੀ ਚੀਜ਼ ਹੈ। ਗਿਆਨ ਦਾ ਸਾਗਰ, ਸ਼ਾਂਤੀ ਦਾ ਸਾਗਰ ਬਾਪ ਹੀ ਸ਼ਾਂਤੀ ਸਥਾਪਨ ਕਰਨ ਵਾਲਾ ਹੈ। ਨਿਰਾਕਾਰੀ ਦੁਨੀਆਂ ਵਿੱਚ ਤਾਂ ਸ਼ਾਂਤੀ ਹੀ ਹੈ। ਇੱਥੇ ਚਿੱਲਾਉਂਦੇ ਹਨ ਕਿ ਦੁਨੀਆਂ ਵਿੱਚ ਸ਼ਾਂਤੀ ਕਿਵੇਂ ਹੋਵੇ? ਹੁਣ ਨਵੀਂ ਦੁਨੀਆਂ ਸਤਯੁਗ ਵਿੱਚ ਤਾਂ ਸ਼ਾਂਤੀ ਸੀ ਜੱਦ ਕਿ ਇੱਕ ਧਰਮ ਸੀ। ਨਵੀਂ ਦੁਨੀਆਂ ਨੂੰ ਕਹਿੰਦੇ ਹਨ ਪੈਰਾਡਾਇਜ਼, ਦੇਵਤਾਵਾਂ ਦੀ ਦੁਨੀਆਂ। ਸ਼ਾਸਤਰਾਂ ਵਿੱਚ ਜਿੱਥੇ - ਕਿਤੇ ਅਸ਼ਾਂਤੀ ਦੀਆਂ ਗੱਲਾਂ ਲਿਖ ਦਿੱਤੀਆਂ ਹਨ। ਵਿਖਾਉਂਦੇ ਹਨ ਦੁਆਪਰ ਵਿੱਚ ਕੰਸ ਸੀ, ਫਿਰ ਹਿਰਨੀਕਸ਼ਯਪ ਨੂੰ ਸਤਯੁਗ ਵਿੱਚ ਵਿਖਾਉਂਦੇ ਹਨ, ਤ੍ਰੇਤਾ ਵਿੱਚ ਰਾਵਣ ਦਾ ਹੰਗਾਮਾ।... ਹਰ ਜਗ੍ਹਾ ਅਸ਼ਾਂਤੀ ਵਿਖਾ ਦਿੱਤੀ ਹੈ। ਮਨੁੱਖ ਵਿੱਚਾਰੇ ਕਿੰਨਾ ਘੋਰ ਹਨ੍ਹੇਰੇ ਵਿੱਚ ਹਨ। ਪੁਕਾਰਦੇ ਵੀ ਹਨ ਬੇਹੱਦ ਦੇ ਬਾਪ ਨੂੰ। ਜੱਦ ਗੌਡ ਫਾਦਰ ਆਏ ਤੱਦ ਉਹ ਹੀ ਆਕੇ ਸ਼ਾਂਤੀ ਸਥਾਪਨ ਕਰਨ। ਗੌਡ ਨੂੰ ਵਿਚਾਰੇ ਜਾਣਦੇ ਹੀ ਨਹੀਂ। ਸ਼ਾਂਤੀ ਹੁੰਦੀ ਹੀ ਹੈ ਨਵੀਂ ਦੁਨੀਆਂ ਵਿੱਚ। ਪੁਰਾਣੀ ਦੁਨੀਆਂ ਵਿੱਚ ਹੁੰਦੀ ਨਹੀਂ। ਨਵੀਂ ਦੁਨੀਆਂ ਸਥਾਪਨ ਕਰਨ ਵਾਲਾ ਤਾਂ ਬਾਪ ਹੀ ਹੈ। ਉਨ੍ਹਾਂ ਨੂੰ ਹੀ ਬੁਲਾਉਂਦੇ ਹਨ ਕਿ ਆਕੇ ਪੀਸ ਸਥਾਪਨ ਕਰੋ। ਆਰਿਆ ਸਮਾਜੀ ਵੀ ਗਾਉਂਦੇ ਹਨ ਸ਼ਾਂਤੀ ਦੇਵਾ।

ਬਾਪ ਕਹਿੰਦੇ ਹਨ ਪਹਿਲੇ ਹੈ ਪਵਿੱਤਰਤਾ। ਹੁਣ ਤੁਸੀਂ ਪਵਿੱਤਰ ਬਣ ਰਹੇ ਹੋ। ਉੱਥੇ ਪਵਿੱਤਰਤਾ ਵੀ ਹੈ, ਪੀਸ ਵੀ ਹੈ, ਹੈਲਥ - ਵੈਲਥ ਸਭ ਹੈ। ਧਨ ਬਗੈਰ ਤਾਂ ਮਨੁੱਖ ਉਦਾਸ ਹੋ ਜਾਂਦੇ ਹਨ। ਤੁਸੀਂ ਇੱਥੇ ਆਉਂਦੇ ਹੋ ਇਨ੍ਹਾਂ ਲਕਸ਼ਮੀ - ਨਾਰਾਇਣ ਜਿਹੇ ਧੰਨਵਾਨ ਬਣਨ। ਇਹ ਵਿਸ਼ਵ ਦੇ ਮਾਲਿਕ ਸਨ ਨਾ। ਤੁਸੀਂ ਆਏ ਹੋ ਵਿਸ਼ਵ ਦਾ ਮਾਲਿਕ ਬਣਨ। ਪਰ ਉਹ ਦਿਮਾਗ ਸਭ ਦਾ ਨੰਬਰਵਾਰ ਹੈ। ਬਾਬਾ ਨੇ ਕਿਹਾ ਸੀ - ਜੱਦ ਪ੍ਰਭਾਤਫੇਰੀ ਨਿਕਾਲਦੇ ਹੋ ਤਾਂ ਨਾਲ ਵਿੱਚ ਲਕਸ਼ਮੀ - ਨਾਰਾਇਣ ਦਾ ਚਿੱਤਰ ਉਠਾਓ। ਇਵੇਂ ਯੁਕਤੀ ਰਚੋ। ਹੁਣ ਬੱਚਿਆਂ ਦੀ ਬੁੱਧੀ ਪਾਰਸਬੁੱਧੀ ਬਣਨ ਦੀ ਹੈ। ਇਸ ਸਮੇਂ ਅਜੁਨ ਤਮੋਪ੍ਰਧਾਨ ਤੋਂ ਰਜੋ ਤੱਕ ਆਏ ਹਨ। ਹੁਣ ਸਤੋ, ਸਤੋਪ੍ਰਧਾਨ ਤੱਕ ਜਾਣਾ ਹੈ। ਉਹ ਤਾਕਤ ਹੁਣ ਨਹੀਂ ਹੈ। ਯਾਦ ਵਿੱਚ ਰਹਿੰਦੇ ਨਹੀਂ ਹਨ। ਯੋਗਬਲ ਦੀ ਬਹੁਤ ਕਮੀ ਹੈ। ਫੱਟ ਤੋਂ ਸਤੋਪ੍ਰਧਾਨ ਨਹੀਂ ਬਣ ਸਕਦੇ ਹਨ। ਇਹ ਜੋ ਗਾਇਨ ਹੈ ਸੈਕਿੰਡ ਵਿੱਚ ਜੀਵਨਮੁਕਤੀ, ਉਹ ਤਾਂ ਠੀਕ ਹੈ। ਤੁਸੀਂ ਬ੍ਰਾਹਮਣ ਬਣੇ ਹੋ ਤਾਂ ਜੀਵਨਮੁਕਤ ਬਣ ਹੀ ਗਏ, ਫਿਰ ਜੀਵਨਮੁਕਤੀ ਵਿੱਚ ਵੀ ਸਰਵੋਤਮ, ਮਧਿਅਮ, ਕਨਿਸ਼ਟ ਹੁੰਦੇ ਹਨ। ਜੋ ਬਾਪ ਦਾ ਬਣਦੇ ਹਨ ਤਾਂ ਜੀਵਨਮੁਕਤੀ ਮਿਲਦੀ ਜਰੂਰ ਹੈ। ਭਾਵੇਂ ਬਾਪ ਦਾ ਬਣ ਫਿਰ ਬਾਪ ਨੂੰ ਛੱਡ ਦਿੰਦੇ ਹਨ ਤਾਂ ਵੀ ਜੀਵਨਮੁਕਤੀ ਜਰੂਰ ਮਿਲੇਗੀ ਸ੍ਵਰਗ ਵਿੱਚ ਝਾੜੂ ਲਗਾਉਣ ਵਾਲਾ ਬਣ ਜਾਣਗੇ। ਸ੍ਵਰਗ ਵਿੱਚ ਤਾਂ ਜਾਣਗੇ। ਬਾਕੀ ਪਦਵੀ ਘੱਟ ਮਿਲ ਜਾਂਦੀ ਹੈ। ਬਾਪ ਅਵਿਨਾਸ਼ੀ ਗਿਆਨ ਦਿੰਦੇ ਹਨ, ਉਸ ਦਾ ਕਦੀ ਵਿਨਾਸ਼ ਨਹੀਂ ਹੁੰਦਾ ਹੈ। ਬੱਚਿਆਂ ਦੇ ਅੰਦਰ ਵਿੱਚ ਖੁਸ਼ੀ ਦੇ ਢੋਲ ਵੱਜਣੇ ਚਾਹੀਦੇ ਹਨ। ਇਹ ਹਾਏ - ਹਾਏ ਹੋਣ ਦੇ ਬਾਦ ਫਿਰ ਵਾਹ - ਵਾਹ ਹੋਣੀ ਹੈ।

ਤੁਸੀਂ ਹੁਣ ਈਸ਼ਵਰੀ ਸੰਤਾਨ ਹੋ। ਫਿਰ ਬਣੋਗੇ ਦੈਵੀ ਸੰਤਾਨ। ਇਸ ਸਮੇਂ ਤੁਹਾਡੀ ਇਹ ਜੀਵਨ ਹੀਰੇ ਸਮਾਨ ਹੈ। ਤੁਸੀਂ ਭਾਰਤ ਦੀ ਸਰਵਿਸ ਕਰ ਭਾਰਤ ਨੂੰ ਪੀਸਫੁਲ ਬਣਾਉਂਦੇ ਹੋ। ਉੱਥੇ ਪਵਿੱਤਰਤਾ, ਸੁਖ, ਸ਼ਾਂਤੀ ਸਭ ਰਹਿੰਦੀ ਹੈ। ਇਹ ਜੀਵਨ ਤੁਹਾਡਾ ਦੇਵਤਾਵਾਂ ਤੋਂ

ਵੀ ਉੱਚ ਹੈ। ਹੁਣ ਤੁਸੀਂ ਰਚਤਾ ਬਾਪ ਨੂੰ ਅਤੇ ਸ੍ਰਿਸ਼ਟੀ ਚੱਕਰ ਨੂੰ ਜਾਣਦੇ ਹੋ। ਕਹਿੰਦੇ ਹਨ ਇਹ ਤਿਓਹਾਰ ਆਦਿ ਜੋ ਵੀ ਹੈ ਪਰੰਪਰਾ ਤੋਂ ਚਲੇ ਆਉਂਦੇ ਹਨ। ਪਰ ਕੱਦ ਤੋਂ? ਇਹ ਕੋਈ ਨਹੀਂ ਜਾਣਦੇ। ਸਮਝਦੇ ਹਨ ਜੱਦ ਤੋਂ ਸ੍ਰਿਸ਼ਟੀ ਸ਼ੁਰੂ ਹੋਈ, ਰਾਵਣ ਨੂੰ ਸਾੜਨਾ ਆਦਿ ਵੀ ਪਰੰਪਰਾ ਤੋਂ ਚਲਿਆ ਆਉਂਦਾ ਹੈ। ਹੁਣ ਸਤਯੁਗ ਵਿੱਚ ਤਾਂ ਰਾਵਣ ਹੁੰਦਾ ਨਹੀਂ। ਉੱਥੇ ਕੋਈ ਵੀ ਦੁੱਖ ਨਹੀਂ ਹੈ ਇਸਲਈ ਗੌਡ ਨੂੰ ਵੀ ਯਾਦ ਨਹੀਂ ਕਰਦੇ। ਇੱਥੇ ਸਭ ਗੌਡ ਨੂੰ ਯਾਦ ਕਰਦੇ ਰਹਿੰਦੇ ਹਨ। ਸਮਝਦੇ ਹਨ ਗੌਡ ਹੀ ਵਿਸ਼ਵ ਵਿੱਚ ਸ਼ਾਂਤੀ ਕਰਨਗੇ, ਇਸਲਈ ਕਹਿੰਦੇ ਹਨ ਆਕੇ ਰਹਿਮ ਕਰੋ। ਸਾਨੂੰ ਦੁੱਖ ਤੋਂ ਲਿਬ੍ਰੇਟ ਕਰੋ। ਬੱਚੇ ਹੀ ਬਾਪ ਨੂੰ ਬੁਲਾਉਂਦੇ ਹਨ ਕਿਓਂਕਿ ਬੱਚਿਆਂ ਨੇ ਹੀ ਸੁਖ ਵੇਖਿਆ ਹੈ। ਬਾਪ ਕਹਿੰਦੇ ਹਨ - ਤੁਹਾਨੂੰ ਪਵਿੱਤਰ ਬਣਾ ਕੇ ਨਾਲ ਲੈ ਜਾਵਾਂਗੇ। ਜੋ ਪਵਿੱਤਰ ਨਹੀਂ ਬਣਨਗੇ ਉਹ ਤਾਂ ਸਜ਼ਾ ਖਾਉਣਗੇ। ਇਸ ਵਿੱਚ ਮਨਸਾ, ਵਾਚਾ, ਕਰਮਣਾ ਪਵਿੱਤਰ ਰਹਿਣਾ ਹੈ। ਮਨਸਾ ਵੀ ਬਹੁਤ ਚੰਗੀ ਚਾਹੀਦੀ ਹੈ। ਇੰਨੀ ਮਿਹਨਤ ਕਰਨੀ ਹੈ ਜੋ ਪਿਛਾੜੀ ਵਿੱਚ ਮਨਸਾ ਵਿੱਚ ਕੋਈ ਵਿਅਰਥ ਖਿਆਲ ਨਾ ਆਵੇ। ਇੱਕ ਬਾਪ ਦੇ ਸਿਵਾਏ ਕੋਈ ਵੀ ਯਾਦ ਨਾ ਆਏ। ਬਾਪ ਸਮਝਾਉਂਦੇ ਹਨ ਹੁਣ ਮਨਸਾ ਤੱਕ ਤਾਂ ਆਉਣਗੇ ਜੱਦ ਤੱਕ ਕਰਮਾਤੀਤ ਅਵਸਥਾ ਹੋਵੇ। ਹਨੂਮਾਨ ਮਿਸਲ ਅਡੋਲ ਬਣੋ, ਉਸ ਵਿੱਚ ਹੀ ਤਾਂ ਬਹੁਤ ਮਿਹਨਤ ਚਾਹੀਦੀ ਹੈ। ਜੋ ਅਗਿਆਨਕਾਰੀ, ਵਫ਼ਾਦਾਰ, ਸਪੂਤ ਬੱਚੇ ਹੁੰਦੇ ਹਨ ਬਾਪ ਦਾ ਪਿਆਰ ਵੀ ਉਨ੍ਹਾਂ ਤੇ ਜਾਸਤੀ ਰਹਿੰਦਾ ਹੈ। 5 ਵਿਕਾਰਾਂ ਤੇ ਜਿੱਤ ਨਾ ਪਾਉਣ ਵਾਲੇ ਇੰਨੇ ਪਿਆਰੇ ਲੱਗ ਨਾ ਸਕਣ। ਤੁਸੀਂ ਬੱਚੇ ਜਾਣਦੇ ਹੋ ਅਸੀਂ ਕਲਪ - ਕਲਪ ਬਾਪ ਤੋਂ ਇਹ ਵਰਸਾ ਲੈਂਦੇ ਹਾਂ ਤਾਂ ਕਿੰਨਾ ਖੁਸ਼ੀ ਦਾ ਪਾਰਾ ਚੜ੍ਹਨਾ ਚਾਹੀਦਾ ਹੈ। ਇਹ ਵੀ ਜਾਣਦੇ ਹੋ ਸਥਾਪਨਾ ਤਾਂ ਜਰੂਰ ਹੋਣੀ ਹੈ। ਇਹ ਪੁਰਾਣੀ ਦੁਨੀਆਂ ਕਬ੍ਰਦਾਖਿਲ ਹੋਣੀ ਹੈ ਜਰੂਰ। ਅਸੀਂ ਪਰਿਸਤਾਨ ਵਿੱਚ ਜਾਣ ਲਈ ਕਲਪ ਪਹਿਲੇ ਮਿਸਲ ਪੁਰਸ਼ਾਰਥ ਕਰਦੇ ਰਹਿੰਦੇ ਹਾਂ। ਇਹ ਤਾਂ ਕਬ੍ਰਸਤਾਨ ਹੈ ਨਾ। ਪੁਰਾਣੀ ਦੁਨੀਆਂ ਅਤੇ ਨਵੀਂ ਦੁਨੀਆਂ ਦੀ ਸਮਝਾਉਣੀ ਸੀੜੀ ਵਿੱਚ ਹੈ। ਇਹ ਸੀੜੀ ਕਿੰਨੀ ਚੰਗੀ ਹੈ ਤਾਂ ਵੀ ਮਨੁੱਖ ਸਮਝਦੇ ਨਹੀਂ ਹਨ। ਇੱਥੇ ਸਾਗਰ ਦੇ ਕੰਢੇ ਤੇ ਰਹਿਣ ਵਾਲੇ ਵੀ ਪੂਰਾ ਸਮਝਦੇ ਨਹੀਂ। ਤੁਹਾਨੂੰ ਗਿਆਨ ਧਨ ਦਾ ਦਾਨ ਤਾਂ ਜਰੂਰ ਕਰਨਾ ਚਾਹੀਦਾ ਹੈ। ਧਨ ਦਿੱਤੇ ਧਨ ਨਾ ਖੁਟੇ। ਦਾਨੀ, ਮਹਾਦਾਨੀ ਕਹਿੰਦੇ ਹਨ ਨਾ। ਜੋ ਹਸਪਤਾਲ, ਧਰਮਸ਼ਾਲਾ ਆਦਿ ਬਣਾਉਂਦੇ ਹਨ, ਉਨ੍ਹਾਂ ਨੂੰ ਮਹਾਦਾਨੀ ਕਹਿੰਦੇ ਹਨ। ਉਸ ਦਾ ਫਲ ਫਿਰ ਦੂਜੇ ਜਨਮ ਵਿੱਚ ਅਲਪਕਾਲ ਦੇ ਲਈ ਮਿਲਦਾ ਹੈ। ਸਮਝੋ ਧਰਮਸ਼ਾਲਾ ਬਣਾਉਂਦੇ ਹਨ ਤਾਂ ਦੂਜੇ ਜਨਮ ਵਿੱਚ ਮਕਾਨ ਦਾ ਸੁਖ ਮਿਲੇਗਾ। ਕੋਈ ਬਹੁਤ - ਬਹੁਤ ਧਨ ਦਾਨ ਕਰਦੇ ਹਨ ਤਾਂ ਰਾਜਾ ਦੇ ਘਰ ਵਿੱਚ ਜਾਂ ਸਾਹੂਕਾਰ ਦੇ ਘਰ ਵਿੱਚ ਜਨਮ ਲੈਂਦੇ ਹਨ। ਉਹ ਦਾਨ ਨਾਲ ਬਣਦੇ ਹਨ। ਤੁਸੀਂ ਪੜ੍ਹਾਈ ਨਾਲ ਰਜਾਈ ਪਦ ਪਾਉਂਦੇ ਹੋ। ਪੜ੍ਹਾਈ ਵੀ ਹੈ, ਦਾਨ ਵੀ ਹੈ। ਇੱਥੇ ਹੈ ਡਾਇਰੈਕਟ, ਭਗਤੀ ਮਾਰਗ ਵਿੱਚ ਹੈ ਇੰਨਡਾਇਰੈਕਟ। ਸ਼ਿਵਬਾਬਾ ਤੁਹਾਨੂੰ ਪੜ੍ਹਾਈ ਨਾਲ ਇਵੇਂ ਬਣਾਉਂਦੇ ਹਨ। ਸ਼ਿਵਬਾਬਾ ਦੇ ਕੋਲ ਤਾਂ ਹੈ ਹੀ ਅਵਿਨਾਸ਼ੀ ਗਿਆਨ ਰਤਨ। ਇੱਕ - ਇੱਕ ਰਤਨ ਲੱਖਾਂ ਰੁਪਿਆ ਦਾ ਹੈ। ਭਗਤੀ ਦੇ ਲਈ ਇਵੇਂ ਨਹੀਂ ਕਿਹਾ ਜਾਂਦਾ। ਗਿਆਨ ਇਸ ਨੂੰ ਕਿਹਾ ਜਾਂਦਾ ਹੈ। ਸ਼ਾਸਤਰਾਂ ਵਿੱਚ ਭਗਤੀ ਦਾ ਗਿਆਨ ਹੈ, ਭਗਤੀ ਕਿਵੇਂ ਕੀਤੀ ਜਾਵੇ ਉਸ ਦੇ ਲਈ ਸਿੱਖਿਆ ਮਿਲਦੀ ਹੈ। ਤੁਸੀਂ ਬੱਚਿਆਂ ਨੂੰ ਹੈ ਗਿਆਨ ਦਾ ਕਾਪਾਰੀ ਨਸ਼ਾ। ਤੁਹਾਨੂੰ ਭਗਤੀ ਦੇ ਬਾਦ ਗਿਆਨ ਮਿਲਦਾ ਹੈ। ਗਿਆਨ ਨਾਲ ਵਿਸ਼ਵ ਦੀ ਬਾਦਸ਼ਾਹੀ ਦਾ ਕਾਪਾਰੀ ਨਸ਼ਾ ਚੜ੍ਹਦਾ ਹੈ। ਜੋ ਜਾਸਤੀ ਸਰਵਿਸ ਕਰਣਗੇ, ਉਨ੍ਹਾਂ ਨੂੰ ਨਸ਼ਾ ਚੜ੍ਹੇਗਾ। ਪ੍ਰਦਰਸ਼ਨੀ ਅਥਵਾ ਮਿਊਜ਼ਿਮ ਵਿੱਚ ਵੀ ਚੰਗੀ ਭਾਸ਼ਣ ਕਰਨ ਵਾਲਿਆਂ ਨੂੰ ਬੁਲਾਉਂਦੇ ਹਨ ਨਾ। ਉੱਥੇ ਵੀ ਜਰੂਰ ਨੰਬਰਵਾਰ ਹੋਣਗੇ। ਮਹਾਰਥੀ, ਘੁੜਸਵਾਰ, ਪਿਆਦੇ ਹੁੰਦੇ ਹਨ। ਦਿਲਵਾੜਾ ਮੰਦਿਰ ਵਿੱਚ ਵੀ ਯਾਦਗਾਰ ਬਣਿਆ ਹੋਇਆ ਹੈ। ਤੁਸੀਂ ਕਹੋਗੇ ਇਹ ਹੈ ਚੇਤੰਨ ਦਿਲਵਾੜਾ, ਉਹ ਹੈ ਜੜ। ਤੁਸੀਂ ਹੋ ਗੁਪਤ ਇਸਲਈ ਤੁਹਾਨੂੰ ਜਾਣਦੇ ਨਹੀਂ।

ਤੁਸੀਂ ਹੋ ਰਾਜਰਿਸ਼ੀ, ਉਹ ਹੈ ਹਠਯੋਗ ਰਿਸ਼ੀ। ਹੁਣ ਤੁਸੀਂ ਗਿਆਨ ਗਿਆਨੇਸ਼੍ਵਰੀ ਹੋ। ਗਿਆਨ ਸਾਗਰ ਤੁਹਾਨੂੰ ਗਿਆਨ ਦਿੰਦੇ ਹਨ। ਤੁਸੀਂ ਅਵਿਨਾਸ਼ੀ ਸਰਜਨ ਦੇ ਬੱਚੇ ਹੋ। ਸਰਜਨ ਹੀ ਨਬਜ਼ ਵੇਖੇਗਾ। ਜੋ ਆਪਣੀ ਨਬਜ਼ ਨੂੰ ਹੀ ਨਹੀਂ ਜਾਣਦੇ ਤਾਂ ਦੂਜੇ ਨੂੰ ਫਿਰ ਕਿਵੇਂ ਜਾਨਣਗੇ। ਤੁਸੀਂ ਅਵਿਨਾਸ਼ੀ ਸਰਜਨ ਦੇ ਬੱਚੇ ਹੋ ਨਾ। ਗਿਆਨ ਅੰਜਨ ਸਤਿਗੁਰੂ ਦਿੱਤਾ।... ਇਹ ਗਿਆਨ ਇੰਜੈਕਸ਼ਨ ਹੈ ਨਾ। ਆਤਮਾ ਨੂੰ ਇੰਜੈਕਸ਼ਨ ਲੱਗਦਾ ਹੈ ਨਾ। ਇਹ ਮਹਿਮਾ ਵੀ ਹੁਣ ਦੀ ਹੈ। ਸਤਿਗੁਰੂ ਦੀ ਹੀ ਮਹਿਮਾ ਹੈ। ਗੁਰੂਆਂ ਨੂੰ ਵੀ ਗਿਆਨ ਇੰਜੈਕਸ਼ਨ ਸਤਿਗੁਰੂ ਹੀ ਦੇਣਗੇ। ਤੁਸੀਂ ਅਵਿਨਾਸ਼ੀ ਸਰਜਨ ਦੇ ਬੱਚੇ ਹੋ ਤਾਂ ਤੁਹਾਡਾ ਧੰਧਾ ਹੀ ਹੈ ਗਿਆਨ ਇੰਜੈਕਸ਼ਨ ਲਗਾਉਣਾ। ਡਾਕਟਰਾਂ ਵਿੱਚ ਵੀ ਕੋਈ ਮਹੀਨੇ ਵਿੱਚ ਲੱਖ, ਕੋਈ 500 ਵੀ ਮੁਸ਼ਕਿਲ ਕਮਾਉਣਗੇ। ਨੰਬਰਵਾਰ ਇੱਕ - ਦੋ ਦੇ ਕੋਲ ਜਾਂਦੇ ਹਨ ਨਾ। ਹਾਈਕੋਰਟ, ਸੁਪ੍ਰੀਮਕੋਰਟ ਵਿੱਚ ਜੱਜਮੈਂਟ ਮਿਲਦੀ ਹੈ - ਫਾਂਸੀ ਤੇ ਚੜ੍ਹਨਾ ਹੈ। ਫਿਰ ਪ੍ਰੈਜ਼ੀਡੈਂਟ ਕੋਲ ਅਪੀਲ ਕਰਦੇ ਹਨ ਤਾਂ ਉਹ ਮਾਫ ਵੀ ਕਰ ਦਿੰਦੇ ਹਨ

ਤੁਸੀਂ ਬੱਚਿਆਂ ਨੂੰ ਤਾਂ ਨਸ਼ਾ ਰਹਿਣਾ ਚਾਹੀਦਾ ਹੈ, ਉਦਾਰਚਿਤ ਹੋਣਾ ਚਾਹੀਦਾ ਹੈ। ਇਸ ਭਗੀਰਥ ਵਿੱਚ ਬਾਪ ਪ੍ਰਵੇਸ਼ ਹੋਇਆ ਤਾਂ ਇਨ੍ਹਾਂ ਨੂੰ ਬਾਪ ਨੇ ਉਦਾਰਚਿਤ ਬਣਾਇਆ ਨਾ। ਖ਼ੁਦ ਤਾਂ ਕੁਝ ਵੀ ਕਰ ਸਕਦੇ ਹੈ ਨਾ। ਉਹ ਇਸ ਵਿੱਚ ਆਕੇ ਮਾਲਿਕ ਬਣ ਬੈਠਾ। ਚੱਲੋ ਇਹ ਸਭ ਭਾਰਤ ਦੇ ਕਲਿਆਣ ਦੇ ਲਈ ਲਗਾਉਣਾ ਹੈ। ਤੁਸੀਂ ਧਨ ਲਗਾਉਂਦੇ ਹੋ। ਭਾਰਤ ਦੇ ਹੀ ਕਲਿਆਣ ਦੇ ਲਈ। ਕੋਈ ਪੁੱਛੇ ਖਰਚਾ ਕਿਥੋਂ ਲਿਆਉਂਦੇ ਹੋ? ਬੋਲੋ, ਅਸੀਂ ਆਪਣੇ ਹੀ ਤਨ - ਮਨ - ਧਨ ਨਾਲ ਸਰਵਿਸ ਕਰਦੇ ਹਾਂ। ਅਸੀਂ ਰਾਜ ਕਰਾਂਗੇ ਤਾਂ ਪੈਸਾ ਵੀ ਅਸੀਂ ਲਗਾਵਾਂਗੇ। ਅਸੀਂ ਆਪਣਾ ਹੀ ਖਰਚਾ ਕਰਦੇ ਹਾਂ। ਅਸੀਂ ਬ੍ਰਾਹਮਣ ਸ਼੍ਰੀਮਤ ਤੇ ਰਾਜ ਸਥਾਪਨ ਕਰਦੇ ਹਾਂ। ਜੋ ਬ੍ਰਾਹਮਣ ਬਣਨਗੇ ਉਹ ਹੀ ਖਰਚਾ ਕਰਨਗੇ। ਸ਼ੂਦ੍ਰ ਤੋਂ ਬ੍ਰਾਹਮਣ ਬਣ ਫਿਰ ਦੇਵਤਾ ਬਣਨਾ ਹੈ। ਬਾਬਾ ਤਾਂ ਕਹਿੰਦੇ ਹਨ ਸਭ ਚਿੱਤਰ ਇਵੇਂ ਟ੍ਰਾਂਸਲਾਈਟ ਦੇ ਬਣਾਓ ਜੋ ਮਨੁੱਖਾਂ ਨੂੰ ਕਸ਼ਿਸ਼ ਹੋਵੇ। ਕਿਸੇ ਨੂੰ ਝੱਟ ਨਾਲ ਤੀਰ ਲਗ ਜਾਏ। ਕੋਈ ਜਾਦੂ ਦੇ ਡਰ ਤੋਂ ਆਉਣਗੇ ਨਹੀਂ। ਮਨੁੱਖ ਤੋਂ ਦੇਵਤਾ ਬਣਾਉਣਾ - ਇਹ ਜਾਦੂ ਹੈ ਨਾ। ਭਗਵਾਨੁਵਾਚ, ਮੈ ਤੁਹਾਨੂੰ ਰਾਜਯੋਗ ਸਿਖਾਉਂਦਾ ਹਾਂ। ਹਠਯੋਗੀ ਕਦੀ ਰਾਜਯੋਗ ਸਿਖਾ ਨਾ ਸਕੇ। ਇਹ

ਗੱਲਾਂ ਹੁਣ ਤੁਸੀਂ ਸਮਝਦੇ ਹੋ। ਤੁਸੀਂ ਮੰਦਿਰ ਲਾਇਕ ਬਣ ਰਹੇ ਹੋ। ਇਸ ਸਮੇਂ ਇਹ ਸਾਰੀ ਵਿਸ਼ਵ ਬੇਹੱਦ ਦੀ ਲੰਕਾ ਹੈ। ਸਾਰੇ ਵਿਸ਼ਵ ਵਿੱਚ ਰਾਵਣ ਦਾ ਰਾਜ ਹੈ। ਬਾਕੀ ਸਤਯੁਗ ਤ੍ਰੇਤਾ ਵਿੱਚ ਇਹ ਰਾਵਣ ਆਦਿ ਹੋ ਕਿਵੇਂ ਸਕਦੇ ਹਨ।

ਬਾਪ ਕਹਿੰਦੇ ਹਨ ਹੁਣ ਮੈ ਜੋ ਸੁਣਾਉਂਦਾ ਹਾਂ, ਉਹ ਸੁਣੋ। ਇਨ੍ਹਾਂ ਅੱਖਾਂ ਤੋਂ ਕੁਝ ਵੇਖੋ ਨਹੀਂ। ਇਹ ਪੁਰਾਣੀ ਦੁਨੀਆਂ ਹੀ ਵਿਨਾਸ਼ ਹੋਣੀ ਹੈ, ਇਸਲਈ ਅਸੀਂ ਆਪਣੇ ਸ਼ਾਂਤੀਧਾਮ - ਸੁਖਧਾਮ ਨੂੰ ਹੀ ਯਾਦ ਕਰਦੇ ਹਾਂ। ਹੁਣ ਤੁਸੀਂ ਪੁਜਾਰੀ ਤੋਂ ਪੂਜਯ ਬਣ ਰਹੇ ਹੋ। ਇਹ ਨੰਬਰਵਨ ਪੁਜਾਰੀ ਸੀ, ਨਾਰਾਇਣ ਦੀ ਬਹੁਤ ਪੂਜਾ ਕਰਦੇ ਸੀ। ਹੁਣ ਫਿਰ ਪੂਜਯ ਨਾਰਾਇਣ ਬਣ ਰਹੇ ਹਨ। ਤੁਸੀਂ ਵੀ ਪੁਰਸ਼ਾਰਥ ਕਰ ਬਣ ਸਕਦੇ ਹੋ। ਰਾਜਧਾਨੀ ਤਾਂ ਚਲਦੀ ਹੈ ਨਾ। ਜਿਵੇਂ ਕਿੰਗ ਐਡਵਰਡ ਦੀ ਫ਼ਸਟ, ਸੈਕਿੰਡ, ਥਰਡ ਚਲਦਾ ਹੈ। ਬਾਪ ਕਹਿੰਦੇ ਹਨ ਤੁਸੀਂ ਸ੍ਰਵਵਿਆਪੀ ਕਹਿਕੇ ਸਾਡਾ ਤਿਰਸਕਾਰ ਕਰਦੇ ਆਏ ਹੋ। ਫਿਰ ਵੀ ਮੈਂ ਤੁਹਾਡਾ ਉਪਕਾਰ ਕਰਦਾ ਹਾਂ। ਇਹ ਖੇਡ ਹੀ ਇਵੇਂ ਵੰਡਰਫੁੱਲ ਬਣਿਆ ਹੋਇਆ ਹੈ। ਪੁਰਸ਼ਾਰਥ ਜਰੂਰ ਕਰਨਾ ਹੈ। ਕਲਪ ਪਹਿਲੇ ਜੋ ਪੁਰਸ਼ਾਰਥ ਕੀਤਾ ਹੈ, ਉਹ ਹੀ ਡਰਾਮਾ ਅਨੁਸਾਰ ਕਰਨਗੇ । ਜਿਸ ਬੱਚੇ ਨੂੰ ਸਰਵਿਸ ਦਾ ਸ਼ੌਕ ਰਹਿੰਦਾ ਹੈ, ਉਸ ਨੂੰ ਰਾਤ - ਦਿਨ ਇਹ ਹੀ ਚਿੰਤਨ ਰਹਿੰਦਾ ਹੈ। ਤੁਸੀਂ ਬੱਚਿਆਂ ਨੂੰ ਬਾਪ ਤੋਂ ਰਸਤਾ ਮਿਲਿਆ ਹੈ, ਤਾਂ ਤੁਸੀਂ ਬੱਚਿਆਂ ਨੂੰ ਸਰਵਿਸ ਬਗੈਰ ਹੋਰ ਕੁਝ ਚੰਗਾ ਨਹੀਂ ਲਗਦਾ ਹੈ। ਦੁਨਿਆਵੀ ਵਾਤਾਵਰਨ ਚੰਗਾ ਨਹੀਂ ਲੱਗਦਾ ਹੈ। ਸਰਵਿਸ ਵਾਲਿਆਂ ਨੂੰ ਤਾਂ ਸਰਵਿਸ ਬਗੈਰ ਅਰਾਮ ਨਹੀਂ। ਟੀਚਰ ਨੂੰ ਪੜ੍ਹਾਉਣ ਵਿੱਚ ਮਜ਼ਾ ਆਉਂਦਾ ਹੈ। ਹੁਣ ਤੁਸੀਂ ਬਣੇ ਹੋ ਬਹੁਤ ਉੱਚ ਟੀਚਰ। ਤੁਹਾਡਾ ਧੰਧਾ ਹੀ ਇਹ ਹੈ, ਜਿੰਨਾ ਚੰਗਾ ਟੀਚਰ ਬਹੁਤਿਆਂ ਨੂੰ ਆਪਸਮਾਨ ਬਣਾਉਣਗੇ, ਉਨ੍ਹਾਂ ਨੂੰ ਇੰਨਾ ਇਜ਼ਾਫਾ ਮਿਲਦਾ ਹੈ। ਉਨ੍ਹਾਂ ਨੂੰ ਪੜ੍ਹਾਉਣ ਬਗੈਰ ਅਰਾਮ ਨਹੀਂ ਆਏਗਾ। ਪ੍ਰਦਰਸ਼ਨੀ ਆਦਿ ਵਿੱਚ ਰਾਤ ਨੂੰ 12 ਵੀ ਵੱਜ ਜਾਂਦੇ ਹੈ ਤਾਂ ਵੀ ਖੁਸ਼ੀ ਹੁੰਦੀ ਹੈ। ਥਕਾਵਟ ਹੁੰਦੀ ਹੈ, ਗਲਾ ਖਰਾਬ ਹੋ ਜਾਂਦਾ ਹੈ ਤਾਂ ਵੀ ਖੁਸ਼ੀ ਵਿੱਚ ਰਹਿੰਦੇ ਹਨ। ਈਸ਼ਵਰੀ ਸਰਵਿਸ ਹੈ ਨਾ। ਇਹ ਬਹੁਤ ਉੱਚ ਸਰਵਿਸ ਹੈ, ਉਨ੍ਹਾਂ ਨੂੰ ਫਿਰ ਕੁਝ ਵੀ ਮਿੱਠਾ ਨਹੀਂ ਲੱਗਦਾ ਹੈ। ਕਹਿਣਗੇ ਅਸੀਂ ਇਹ ਮਕਾਨ ਆਦਿ ਲੈਕੇ ਵੀ ਕੀ ਕਰਾਂਗੇ, ਸਾਨੂੰ ਤਾਂ ਪੜ੍ਹਾਉਣਾ ਹੈ। ਇਹ ਸਰਵਿਸ ਕਰਨੀ ਹੈ। ਮਲਕੀਅਤ ਆਦਿ ਵਿੱਚ ਖਿਟਪਿਟ ਵੇਖਣਗੇ ਤਾਂ ਕਹਿਣਗੇ ਇਹ ਸੋਨਾ ਹੀ ਕਿਸ ਕੰਮ ਦਾ ਜੋ ਕੰਨ ਕੱਟੇ। ਸਰਵਿਸ ਨਾਲ ਤਾਂ ਬੇੜਾ ਪਾਰ ਹੋਣਾ ਹੈ। ਬਾਬਾ ਕਹਿ ਦਿੰਦੇ ਹਨ, ਮਕਾਨ ਭਾਵੇਂ ਉਨ੍ਹਾਂ ਦੇ ਨਾਮ ਤੇ ਹੋਵੇ। ਬੀ. ਕੇ. ਨੂੰ ਤੇ ਸਰਵਿਸ ਕਰਨੀ ਹੈ। ਇਸ ਸਰਵਿਸ ਵਿੱਚ ਕਿਸੇ ਬਾਹਰ ਦਾ ਬੰਧੰਨ ਚੰਗਾ ਨਹੀਂ ਲਗਦਾ ਹੈ। ਕਿਸੇ ਦੀ ਤਾਂ ਰਗ ਜਾਂਦੀ ਹੈ। ਕਿਸੇ ਦੀ ਰਗ ਟੁੱਟੀ ਹੋਈ ਰਹਿੰਦੀ ਹੈ। ਬਾਬਾ ਕਹਿੰਦੇ ਹਨ ਮਨਮਨਾਭਵ ਤਾਂ ਤੁਹਾਡੇ ਵਿਕਰਮ ਵਿਨਾਸ਼ ਹੋਣਗੇ। ਬਹੁਤ ਮਦਦ ਮਿਲ ਜਾਂਦੀ ਹੈ। ਇਸ ਸਰਵਿਸ ਵਿੱਚ ਤਾਂ ਲੱਗ ਜਾਣਾ ਚਾਹੀਦਾ ਹੈ। ਇਸ ਵਿੱਚ ਆਮਦਨੀ ਹੈ ਬਹੁਤ। ਮਕਾਨ ਆਦਿ ਦੀ ਗੱਲ ਨਹੀਂ। ਮਕਾਨ ਦੇਵੇ ਅਤੇ ਬੰਧਨ ਪਾਏ ਤਾਂ ਇਵੇਂ ਲੈਣਗੇ ਨਹੀਂ। ਜੋ ਸਰਵਿਸ ਨਹੀਂ ਜਾਣਦੇ ਉਹ ਤਾਂ ਆਪਣੇ ਕੰਮ ਦੇ ਨਹੀਂ। ਟੀਚਰ ਆਪਸਮਾਨ ਬਣਾਉਣਗੇ। ਨਹੀਂ ਬਣਦੇ ਤਾਂ ਉਹ ਕੀ ਕੰਮ ਦੇ। ਹੈਂਡਸ ਦੀ ਬਹੁਤ ਲੋੜ ਰਹਿੰਦੀ ਹੈ ਨਾ। ਇਸ ਵਿੱਚ ਵੀ ਕੰਨਿਆਵਾਂ, ਮਾਤਾਵਾਂ ਦੀ ਜਾਸਤੀ ਜਰੂਰਤ ਰਹਿੰਦੀ ਹੈ। ਬੱਚੇ ਸਮਝਦੇ ਹਨ - ਬਾਪ ਟੀਚਰ ਹਨ, ਬੱਚੇ ਵੀ ਟੀਚਰ ਚਾਹੀਦੇ ਹਨ। ਇਵੇਂ ਨਹੀਂ ਕਿ ਟੀਚਰ ਹੋਰ ਕੋਈ ਕੰਮ ਨਹੀਂ ਕਰ ਸਕਦੇ ਹੈ। ਸਭ ਕੰਮ ਕਰਨਾ ਚਾਹੀਦਾ ਹੈ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁਡਮੋਰਨਿੰਗ । ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਦਿਨ - ਰਾਤ ਸਰਵਿਸ ਦੇ ਚਿੰਤਨ ਵਿੱਚ ਰਹਿਣਾ ਹੈ ਅਤੇ ਸਭ ਰਗਾਂ ਤੋੜ ਦੇਣੀ ਹੈ। ਸਰਵਿਸ ਦੇ ਬਗੈਰ ਅਰਾਮ ਨਹੀਂ, ਸਰਵਿਸ ਕਰ ਆਪਸਮਾਨ ਬਣਾਉਣਾ ਹੈ।

2. ਬਾਪ ਸਮਾਨ ਉਦਾਰਚਿਤ ਬਣਨਾ ਹੈ। ਸਭ ਦੀ ਨਬਜ਼ ਵੇਖ ਸੇਵਾ ਕਰਨੀ ਹੈ। ਆਪਣਾ ਤਨ - ਮਨ - ਧਨ ਭਾਰਤ ਦੇ ਕਲੀਆਣ ਵਿੱਚ ਲਗਾਉਣਾ ਹੈ। ਅਚਲ - ਅਡੋਲ ਬਣਨ ਦੇ ਲਈ ਅਗਿਆਕਾਰੀ ਵਫਾਦਾਰ ਬਣਨਾ ਹੈ।

ਵਰਦਾਨ:- ਕਿਉਂ , ਕੀ ਦੇ ਕਵੇਸ਼ਚਨ ਦੀ ਜਾਲ ਤੋਂ ਸਦਾ ਮੁਕਤ ਰਹਿਣ ਵਾਲੇ ਵਿਸ਼ਵ ਸੇਵਾਧਾਰੀ ਚੱਕਰਵਰਤੀ ਭਵ

ਜਦੋਂ ਸਵਦਰਸ਼ਨ ਚੱਕਰ ਰਾਈਟ ਵਲ ਚੱਲਣ ਦੀ ਬਜਾਏ ਰੋਂਗ ਵਲ ਚਲਾ ਜਾਂਦਾ ਹੈ ਉਦੋਂ ਮਾਇਆਜਿੱਤ ਬਣਨ ਦੀ ਬਜਾਏ ਪਰ ਦੇ ਦਰਸ਼ਨ ਦੇ ਉਲਝਣ ਦੇ ਚੱਕਰ ਵਿੱਚ ਆ ਜਾਂਦੇ ਹੋ ਜਿਸ ਨਾਲ ਕਿਉਂ ਅਤੇ ਕੀ ਦੇ ਕਵੇਸਚਨ ਦੀ ਜਾਲ ਬਣ ਜਾਂਦੀ ਹੈ ਜੋ ਖੁਦ ਹੀ ਰਚਦੇ ਅਤੇ ਫਿਰ ਖੁਦ ਹੀ ਫ਼ਸ ਜਾਂਦੇ ਇਸਲਈ ਨਾਲੇਜ਼ਫੁੱਲ ਬਣ ਸਵਦਰਸ਼ਨ ਚੱਕਰ ਫ਼ਿਰਾਉਦੇ ਰਹੋ ਤਾਂ ਕਿਉਂ ਕੀ ਦੇ ਕਵੇਸਚਨ ਦੇ ਜਾਲ ਤੋਂ ਮੁਕਤ ਹੋ ਯੋਗਯੁਕਤ, ਜੀਵਨਮੁਕਤ, ਚੱਕਰਵਰਤੀ ਬਣ ਬਾਪ ਦੇ ਨਾਲ ਵਿਸ਼ਵ ਕਲਿਆਣ ਦੀ ਸੇਵਾ ਵਿੱਚ ਚੱਕਰ ਲਗਾਉਦੇ ਰਹੋਂਗੇ। ਵਿਸ਼ਵ ਸੇਵਾਧਾਰੀ ਚੱਕਰਵਰਤੀ ਰਾਜਾ ਬਣ ਜਾਓਗੇ।

ਸਲੋਗਨ:- ਪਲੇਨ ਬੁੱਧੀ ਨਾਲ ਪਲੈਨ ਨੂੰ ਪ੍ਰੈਕਟੀਕਲ ਵਿੱਚ ਲਿਆਓ ਤਾਂ ਸਫ਼ਲਤਾ ਸਮਾਈ ਹੋਈ ਹੈ।

******

ਅਵਿੱਅਕਤ ਇਸ਼ਾਰੇ **:- ਹੁਣ ਸੰਪੰਨ ਅਤੇ ਕਰਮਾਤੀਤ ਬਣਨ ਦੀ ਧੁਨ ਲਗਾਓ।**

ਜਦੋਂ ਕਰਮਾਤੀਤ ਸਥਿਤੀ ਦੇ ਸਮੀਪ ਪਹੁੰਚੋਗੇ ਉਦੋ ਕਿਸੇ ਵੀ ਆਤਮਾ ਵਲ ਬੁੱਧੀ ਦਾ ਝੁਕਾਵ, ਕਰਮ ਦਾ ਬੰਧਨ ਨਹੀਂ ਬਣਾਏਗਾ। ਕਰਮਾਤੀਤ ਮਤਲਬ ਸਰਵ ਕਰਮ ਬੰਧਨਾਂ ਤੋਂ ਮੁਕਤ, ਨਿਆਰੇ ਬਣ, ਪ੍ਰਕ੍ਰਿਤੀ ਦਵਾਰਾ ਨਿਮਿਤ- ਮਾਤਰ ਕਰਮ ਕਰਨਾ। ਕਰਮਾਤੀਤ ਅਵਸਥਾ ਦਾ ਅਨੁਭਵ ਕਰਨ ਦੇ ਲਈ ਨਿਆਰੇ ਬਣਨ ਦਾ ਪੁਰਸ਼ਾਰਥ ਬਾਰ -ਬਾਰ ਨਹੀਂ ਕਰਨਾ ਪਵੇ, ਸਹਿਜ ਅਤੇ ਖੁਦ ਹੀ ਅਨੁਭਵ ਹੋਵੇ ਕਿ ਕਰਾਉਣ ਵਾਲਾ ਅਤੇ ਕਰਨ ਵਾਲੀ ਇਹ ਕਰਮਿੰਦਰੀ ਹੈ ਹੀ ਵੱਖ।